ਪੰਜਾਬ ਸਰਕਾਰ

ਮਾਲ ਤੇ ਮੁੜਵਸੇਬਾ ਵਿਭਾਗ

(ਮੁਰੱਬਾਬੰਦੀ ਸ਼ਾਖਾ)

ਹੁਕਮ

ਸਾਲ 2021 ਵਿੱਚ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ 1090 ਪਟਵਾਰੀ ਉਮੀਦਵਾਰਾਂ ਦੀ ਭਰਤੀ ਕੀਤੀ ਗਈ ਸੀ। ਜਿਨ੍ਹਾਂ ਵਿੱਚੋਂ 741 ਯੋਗ ਉਮੀਦਵਾਰਾਂ ਵੱਲੋਂ ਬਤੌਰ ਪਟਵਾਰੀ ਉਮੀਦਵਾਰ ਜੁਆਇੰਨ ਕਰ ਲਿਆ ਗਿਆ ਸੀ। ਇਸ ਭਰਤੀ ਸਮੇਂ ਪੰਜਾਬ ਮਾਲ ਪਟਵਾਰੀ (ਗਰੁੱਪ-ਸੀ) ਸੇਵਾ ਨਿਯਮ, 2023 ਬਣਾਉਣ ਦੀ ਪ੍ਰੀਕ੍ਰਿਆ ਕਾਰਵਾਈ ਅਧੀਨ ਸੀ। ਵਿਭਾਗ ਵੱਲੋਂ ਪਟਵਾਰ ਯੂਨੀਅਨ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ, ਉਕਤ ਡਰਾਫਟ ਨਿਯਮਾਂ ਦੇ ਉਪਬੰਧ ਅਨੁਸਾਰ ਇਨ੍ਹਾਂ ਪਟਵਾਰੀ ਉਮੀਦਵਾਰਾਂ ਦੀ ਟ੍ਰੇਨਿੰਗ ਡੇਢ ਸਾਲ ਤੋਂ ਘਟਾਕੇ 1 ਸਾਲ ਕਰ ਦਿੱਤੀ ਗਈ ਸੀ। ਜਿਸ ਵਿੱਚ 9 ਮਹੀਨੇ ਦੀ ਪਟਵਾਰ ਸਕੂਲ ਟ੍ਰੇਨਿੰਗ ਅਤੇ 3 ਮਹੀਨੇ ਦੀ ਫੀਲਡ ਟ੍ਰੇਨਿੰਗ ਲਗਾਈ ਗਈ ਸੀ। ਇਨ੍ਹਾਂ ਉਮੀਦਵਾਰਾਂ ਵੱਲੋਂ 9 ਮਹੀਨੇ ਦੀ ਪਟਵਾਰ ਸਕੂਲ ਟ੍ਰੇਨਿੰਗ ਮੁਕੰਮਲ ਕਰਨ ਉਪਰੰਤ ਮਈ, 2023 ਵਿੱਚ 3 ਮਹੀਨੇ ਦੀ ਫੀਲਡ ਟ੍ਰੇਨਿੰਗ ਸ਼ੁਰੂ ਕਰ ਦਿੱਤੀ ਗਈ ਸੀ। ਪ੍ਰੰਤੂ ਸਿਵਲ ਰਿੱਟ ਪਟੀਸ਼ਨ ਨੰ. 8681 ਆਫ 2023 ਵਿੱਚ ਮਾਨਯੋਗ ਹਾਈਕੋਰਟ ਵੱਲੋਂ ਹੁਕਮ ਮਿਤੀ 12.07.2023 ਰਾਹੀਂ ਆਦੇਸ਼ ਕੀਤੇ ਗਏ ਕਿ ਪੰਜਾਬ ਮਾਲ ਪਟਵਾਰੀ (ਕਲਾਸ-3) ਸੇਵਾ ਨਿਯਮ, 1966 ਅਨੁਸਾਰ ਇਨ੍ਹਾਂ ਪਟਵਾਰੀ ਉਮੀਦਵਾਰਾਂ ਦੀ ਟ੍ਰੇਨਿੰਗ ਡੇਢ ਸਾਲ (1 ਸਾਲ ਪਟਵਾਰ ਸਕੂਲ ਟ੍ਰੇਨਿੰਗ ਅਤੇ 6 ਮਹੀਨੇ ਦੀ ਫੀਲਡ ਟ੍ਰੇਨਿੰਗ) ਦੀ ਹੋਵੇਗੀ।

2. ਮਾਨਯੋਗ ਹਾਈਕੋਰਟ ਦੇ ਉਕਤ ਹੁਕਮਾਂ ਦੀ ਪਾਲਣਾ ਵਿੱਚ ਪਟਵਾਰੀ ਉਮੀਦਵਾਰਾਂ ਦੀ ਟ੍ਰੇਨਿੰਗ 1 ਸਾਲ ਤੋਂ ਵਧਾਕੇ ਡੇਢ ਸਾਲ ਕਰਦੇ ਹੋਏ, ਮਈ, 2023 ਵਿੱਚ ਸ਼ੁਰੂ ਹੋਈ ਫੀਲਡ ਟ੍ਰੇਨਿੰਗ ਵਧਾਕੇ 6 ਮਹੀਨੇ ਕਰ ਦਿੱਤੀ ਗਈ, ਜੋ ਕਿ ਅਕਤੂਬਰ, 2023 ਵਿੱਚ ਮੁਕੰਮਲ ਹੋ ਰਹੀ ਹੈ। ਇਸ ਤਰ੍ਹਾਂ ਅਕਤੂਬਰ, 2023 ਵਿੱਚ ਇਨ੍ਹਾਂ ਦੀ 9 ਮਹੀਨੇ ਦੀ ਪਟਵਾਰ ਸਕੂਲ ਟ੍ਰੇਨਿੰਗ ਅਤੇ 6 ਮਹੀਨੇ ਦੀ ਫੀਲਡ ਟ੍ਰੇਨਿੰਗ ਮੁਕੰਮਲ ਹੋ ਜਾਵੇਗੀ। ਇਸ ਉਪਰੰਤ ਨਿਯਮਾਂ ਅਨੁਸਾਰ ਇਨ੍ਹਾਂ ਦੀ ਕੇਵਲ 3 ਮਹੀਨੇ ਦੀ ਪਟਵਾਰ ਸਕੂਲ ਦੀ ਟ੍ਰੇਨਿੰਗ ਬਕਾਇਆ ਰਹਿੰਦੀ ਹੈ।

ਡਾਇਰੈਕਟਰ, ਭੌਂ ਰਿਕਾਰਡ, ਪੰਜਾਬ ਵੱਲੋਂ ਪੱਤਰ ਮਿਤੀ 18.10.2023 ਰਾਹੀਂ ਸੂਚਿਤ ਕੀਤੇ ਅਨੁਸਾਰ 741 ਪਟਵਾਰੀ ਉਮੀਦਵਾਰਾਂ ਵਿੱਚੋਂ 617 ਪਟਵਾਰੀ ਉਮੀਦਵਾਰਾਂ ਵੱਲੋਂ ਪੰਜਾਬ ਮਾਲ ਪਟਵਾਰੀ (ਕਲਾਸ-3) ਸੇਵਾ ਨਿਯਮ, 1966 ਅਨੁਸਾਰ ਪਟਵਾਰ ਪ੍ਰੀਖਿਆ ਪਾਸ ਕਰ ਲਈ ਗਈ ਹੈ ਅਤੇ ਉਕਤ ਨਿਯਮਾਂ ਅਨੁਸਾਰ ਇਨ੍ਹਾਂ ਦੀ 3 ਮਹੀਨੇ ਦੀ ਪਟਵਾਰ ਸਕੂਲ ਟ੍ਰੇਨਿੰਗ ਬਕਾਇਆ ਹੈ। ਪ੍ਰੰਤੂ ਮੌਜੂਦਾ ਸਮੇਂ ਜ਼ਿਲ੍ਹਿਆ ਵਿੱਚ

ਪਟਵਾਰੀਆ ਦੀ ਬਹੁਤ ਘਾਟ ਹੈ ਅਤੇ ਪਟਵਾਰੀਆ ਵੱਲੋਂ ਵਾਧੂ ਸਰਕਲਾਂ ਦਾ ਕੰਮ ਛੱਡਣ ਕਾਰਨ ਆਮ ਲੋਕਾਂ ਦੇ ਕੰਮ ਸਮੇਂ ਸਿਰ ਨਹੀਂ ਹੋ ਰਹੇ ਅਤੇ ਉਨ੍ਹਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਰਾਜ ਵਿੱਚ ਗਿਰਦਾਵਰੀ ਦਾ ਕੰਮ ਵੀ ਚੱਲ ਰਿਹਾ ਹੈ, ਜਿਸ ਨੂੰ ਨੇਪਰੇ ਚਾੜ੍ਹਨ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ।

ਡਾਇਰੈਕਟਰ, ਭੌਂ ਰਿਕਾਰਡ, ਪੰਜਾਬ ਵੱਲੋਂ ਜਾਰੀ ਪੱਤਰ ਮਿਤੀ 11.07.2022 ਅਨੁਸਾਰ ਇਨ੍ਹਾਂ ਪਟਵਾਰੀ ਉਮੀਦਵਾਰਾਂ ਦੀ ਪਟਵਾਰ ਸਕੂਲ ਟ੍ਰੇਨਿੰਗ 9 ਮਹੀਨੇ ਦੀ ਲਗਾਈ ਗਈ ਸੀ, ਜਿਸ ਅਨੁਸਾਰ ਉਮੀਦਾਵਰਾਂ ਵੱਲੋਂ 12 ਮਹੀਨੇ ਦਾ ਪਟਵਾਰ ਸਕੂਲ ਦਾ ਸਿਲੇਬਸ ਪਹਿਲਾ ਹੀ 9 ਮਹੀਨਿਆ ਵਿੱਚ ਪੂਰਾ ਕੀਤਾ ਜਾ ਚੁੱਕਾ ਹੈ। ਇਨ੍ਹਾਂ ਹਾਲਤਾਂ ਵਿੱਚ ਜਦਕਿ ਇਨ੍ਹਾਂ ਪਟਵਾਰੀ ਉਮੀਦਵਾਰਾਂ ਵੱਲੋਂ ਮੁਕੰਮਲ ਸਿਲੇਬਸ ਕਵਰ ਕੀਤਾ ਜਾ ਚੁੱਕਾ ਹੈ, ਨੂੰ ਮੁੜ ਪਟਵਾਰ ਸਕੂਲਾਂ ਵਿੱਚ ਭੇਜਣ ਦਾ ਕੋਈ ਤਰਕ ਨਹੀਂ ਰਹਿ ਜਾਂਦਾ। ਇਸ ਤੋਂ ਇਲਾਵਾ 617 ਪਟਵਾਰੀ ਉਮੀਦਵਾਰਾਂ ਵੱਲੋਂ ਪਟਵਾਰ ਪ੍ਰੀਖਿਆ ਬਾਖੂਬੀ ਪਾਸ ਕਰ ਲਈ ਗਈ ਹੈ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਪਟਵਾਰੀ ਉਮੀਦਵਾਰ ਫੀਲਡ ਵਿੱਚ ਸੁਚੱਜੇ ਢੰਗ ਨਾਲ ਕੰਮ ਕਰ ਸਕਦੇ ਹਨ।

ਇਸ ਤੋਂ ਇਲਾਵਾ ਵਿੱਤ ਵਿਭਾਗ ਤੋਂ ਮਿਲੀ ਪ੍ਰਵਾਨਗੀ ਉਪਰੰਤ ਇਨ੍ਹਾਂ ਪਟਵਾਰੀ ਉਮੀਦਵਾਰਾ ਦਾ ਸਟਾਇਫੰਡ ਪਹਿਲਾ ਹੀ 6 ਮਹੀਨੇ ਲਈ ਵਧਾਇਆ ਜਾ ਚੁੱਕਾ ਹੈ। ਇਸ ਲਈ ਇਨ੍ਹਾਂ ਉਮੀਦਵਾਰਾਂ ਨੂੰ 3 ਮਹੀਨੇ ਦੀ ਪਟਵਾਰ ਸਕੂਲ ਟ੍ਰੇਨਿੰਗ ਤੋਂ ਛੋਟ ਦੇਣ ਉਪਰੰਤ ਪਟਵਾਰ ਸਰਕਲਾ ਵਿੱਚ ਤੈਨਾਤ ਕਰਨ ਨਾਲ ਕੋਈ ਵਾਧੂ ਵਿੱਤੀ ਬੋਝ ਨਹੀਂ ਪਵੇਗਾ।

3. ਉਪਰੋਕਤ ਦੇ ਸਨਮੁੱਖ ਪਟਵਾਰ ਪ੍ਰੀਖਿਆ ਵਿੱਚੋਂ ਪਾਸ ਹੋਏ 617 ਪਟਵਾਰੀ ਉਮੀਦਵਾਰਾ ਨੂੰ ਪੰਜਾਬ ਮਾਲ ਪਟਵਾਰੀ (ਕਲਾਸ-3) ਸੇਵਾ ਨਿਯਮ, 1966 ਦੇ ਨਿਯਮ 21 Power to relaxation ਤਹਿਤ, 3 ਮਹੀਨਿਆ ਦੀ ਪਟਵਾਰ ਸਕੂਲ ਟ੍ਰੇਨਿੰਗ ਕਰਨ ਤੋਂ ਛੋਟ ਦਿੱਤੀ ਜਾਂਦੀ ਹੈ ਅਤੇ ਇਨ੍ਹਾਂ ਪਟਵਾਰੀ ਉਮੀਦਵਾਰਾਂ ਨੂੰ ਪਟਵਾਰ ਸਰਕਲ ਅਲਾਟ ਕਰਨ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਚੰਡੀਗੜ੍ਹ, ਮਿਤੀ
20.10.2023

ਕੇ ਏ ਪੀ ਸਿਨਹਾ
ਵਿਸ਼ੇਸ਼ ਮੁੱਖ ਸਕੱਤਰ-ਕਮ-
ਵਿੱਤੀ ਕਮਿਸ਼ਨਰ, ਮਾਲ

ਪਿੱ.ਅੰ. ਨੰ. 25/145/2017-ਮਬ3/13243-46 ਚੰਡੀਗੜ੍ਹ, ਮਿਤੀ: 20/10/23

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਨਿੱਜੀ ਸਕੱਤਰ/ਮਾਲ ਮੰਤਰੀ, ਪੰਜਾਬ।
2. ਡਾਇਰੈਕਟਰ, ਭੌਂ ਰਿਕਾਰਡ, ਪੰਜਾਬ, ਕਪੂਰਥਲਾ ਰੋਡ, ਜਲੰਧਰ।
3. ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ।
4. ਪ੍ਰੋਜੈਕਟ ਮੈਨੇਜਰ, ਪੀ.ਐਲ.ਆਰ.ਐਸ. ਨੂੰ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕਰਨ ਹਿੱਤ।

ਵਿਸ਼ੇਸ਼ ਸਕੱਤਰ ਮਾਲ